**ਪੰਜਾਬੀ ਯੂਨੀਵਰਸਿਟੀ ਪਟਿਆਲਾ**
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਦਫ਼ਤਰ: **ਡਾਇਰੈਕਟੋਰੇਟ ਆਫ਼ ਸਪੋਰਟਸ**

ਨੰ. 1045/DS
ਮਿਤੀ 21/05/2025

**ਵਿਸ਼ਾ: ਆਊਟਸਟੈਂਡਿੰਗ ਸਪੋਰਟਸ ਕੈਟਾਗਰੀ ਅਧੀਨ ਦਾਖਲਿਆਂ ਸਬੰਧੀ ਟਰਾਇਲ/ਕਾਊਂਸਲਿੰਗ 29 ਮਈ ਨੂੰ**

ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸੈਸ਼ਨ 2025-26 ਦੌਰਾਨ ਯੂਨੀਵਰਸਿਟੀ ਕੈਂਪਸ,ਨੇਬਰਹੁੱਡ ਕੈਂਪਸ, ਕੰਸਟੀਚੁਐਂਟ ਕਾਲਜ ਅਤੇ ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਕਾਲਜਾਂ ਵਿੱਚ ਕਿਸੇ ਵੀ ਕੋਰਸ/ਕਲਾਸ ਵਿੱਚ **ਉੱਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਰਾਖਵੀਆਂ ਪੰਜ-ਪੰਜ ਵਾਧੂ ਸੀਟਾਂ ਤਹਿਤ ਦਾਖਲਾ** ਲੈਣ ਦੇ ਚਾਹਵਾਨ ਖਿਡਾਰੀਆਂ (ਲੜਕੇ ਅਤੇ ਲੜਕੀਆਂ) ਲਈ ਏ.ਆਈ.ਯੂ. ਖੇਡ ਕੈਲੰਡਰ ਵਿਚ ਸ਼ਾਮਲ ਹੇਠ ਲਿਖੀਆਂ ਖੇਡਾਂ ਦੇ **ਟਰਾਇਲ/ਕਾਊਂਸਲਿੰਗ ਮਿਤੀ 29 ਮਈ, 2025 ਨੂੰ ਸਵੇਰੇ 9.00 ਵਜੇ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ** ਕਰਵਾਏ ਜਾ ਰਹੇ ਹਨ।

**ਖੇਡਾਂ ਦੀ ਸੂਚੀ:**
ਆਰਚਰੀ, ਐਥਲੈਟਿਕਸ, ਤੈਰਾਕੀ, ਸਾਈਕਲਿੰਗ, ਸੌਫਟਬਾਲ (ਕੇਵਲ ਮਹਿਲਾ), ਬੇਸਬਾਲ (ਕੇਵਲ ਪੁਰਸ਼), ਹਾਕੀ, ਹੈਂਡਬਾਲ, ਕਬੱਡੀ (ਨ.ਸ.), ਕਰਾਟੇ, ਕੁਸ਼ਤੀ, ਕੈਯਾਕਿੰਗ ਤੇ ਕੈਨੋਇੰਗ, ਰੋਇੰਗ, ਕ੍ਰਿਕਟ, ਖੋ-ਖੋ, ਚੈੱਸ, ਜਿਮਨਾਸਟਿਕਸ, ਜੂਡੋ, ਟੇਬਲ ਟੈਨਿਸ, ਟੈਨਿਸ, ਸੌਫਟ ਟੈਨਿਸ, ਤਾਇਕਵਾਂਡੋ, ਨੈਟਬਾਲ (ਕੇਵਲ ਮਹਿਲਾ), ਪਿਸਟਲ/ਰਾਈਫਲ ਸ਼ੂਟਿੰਗ, ਪੇਨਚੈਕ ਸਿਲਾਟ, ਫੁੱਟਬਾਲ, ਫੈਨਸਿੰਗ, ਬਾਸਕਟਬਾਲ, ਬਾਕਸਿੰਗ, ਬੈਡਮਿੰਟਨ, ਯੋਗਾ, ਰਗਬੀ, ਵਾਲੀਬਾਲ, ਵੂਸ਼ੂ, ਸੈਪਕਟਾਕਰਾ ਅਤੇ ਵੇਟ ਲਿਫਟਿੰਗ ।

ਟਰਾਇਲ/ਕਾਊਂਸਲਿੰਗ ਵਿੱਚ ਭਾਗ ਲੈਣ ਵਾਲੇ ਹਰ ਇਕ ਖਿਡਾਰੀ ਕੋਲ ਆਪਣੇ ਵਿਦਿਅਕ ਅਤੇ ਖੇਡਾਂ ਦੇ ਅਸਲੀ ਸਰਟੀਫਿਕੇਟਸ ਅਤੇ ਉਹਨਾਂ ਦੀ ਫੋਟੋਕਾਪੀਆਂ ਹੋਣੀਆਂ ਲਾਜ਼ਮੀ ਹਨ। **ਖਿਡਾਰੀਆਂ ਦੀ ਚੋਣ ਉਹਨਾਂ ਦੀਆਂ ਪਿਛਲੇ ਦੋ ਸਾਲਾਂ ਦੌਰਾਨ (2023-24 ਅਤੇ 2024-25 ਦੌਰਾਨ) ਕੀਤੀ ਕਾਰਗੁਜ਼ਾਰੀ/ਪ੍ਰਾਪਤੀਆਂ (ਅੰਤਰ-ਰਾਸ਼ਟਰੀ ਪੱਧਰ ਤੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਹੋਵੇ/ਸਕੂਲ ਨੈਸ਼ਨਲ/ਸੀਨੀਅਰ ਨੈਸ਼ਨਲ/ਅੰਤਰ-ਵਰਸਿਟੀ/ਖੇਲੋ ਇੰਡੀਆ ਯੂਥ ਗੇਮਜ਼/ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ ਮੁਕਾਬਲਿਆਂ ਦੀਆਂ** ਪਹਿਲੀਆਂ ਤਿੰਨ ਪੁਜੀਸ਼ਨਾਂ ਹੀ ਮੰਨਣਯੋਗ ਹੋਣਗੀਆਂ) **ਦੇ ਆਧਾਰ ਤੇ ਕੀਤੀ ਜਾਵੇਗੀ।** ਲੋੜ ਅਨੁਸਾਰ ਖਿਡਾਰੀਆਂ ਦੇ ਟਰਾਇਲਜ਼ ਵੀ ਮੌਕੇ ਤੇ ਕਰਵਾਏ ਜਾ ਸਕਦੇ ਹਨ। ਚੁਣੇ ਗਏ ਖਿਡਾਰੀਆਂ ਨੂੰ ਖੇਡ ਪ੍ਰਾਪਤੀਆਂ ਦੀ ਮੈਰਿਟ ਅਨੁਸਾਰ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

**ਨੋਟ:** ਵਿਦਿਆਰਥੀ/ਖਿਡਾਰੀ ਆਪਣੇ ਵਿਦਿਅਕ ਅਤੇ ਖੇਡਾਂ ਦੇ ਅਸਲੀ ਸਰਟੀਫਿਕੇਟਸ ਅਤੇ ਉਹਨਾਂ ਦੀ ਫੋਟੋਕਾਪੀਆਂ ਆਪਣੇ ਨਾਲ ਲਿਆਉਣੀਆਂ ਯਕੀਨੀ ਬਨਾਉਣਗੇ।

21/5/2025
ਡਾਇਰੈਕਟਰ ਸਪੋਰਟਸ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ;

1. ਪ੍ਰਿੰਸੀਪਲ ਸਾਹਿਬਾਨ, ਸਮੂਹ ਸਬੰਧਤ ਕਾਲਜ – **ਸਬੰਧਤ ਲੈਕਚਰਾਰ, ਸਰੀਰਕ ਸਿੱਖਿਆ/ਪ੍ਰੋ. ਇੰਚਾਰਜ਼ (ਟੀਮ) ਅਤੇ ਖਿਡਾਰੀਆਂ ਦੀ** ਸੂਚਨਾ ਹਿੱਤ।
2. ਸਮੂਹ ਕੋਚਿਜ਼/ਇੰਨਸਟ੍ਰੱਕਟਰਜ਼/ਇੰਚਾਰਜ਼ ਸਾਹਿਬਾਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ – **ਸਬੰਧਤ ਖੇਡ ਦੇ ਖਿਡਾਰੀਆਂ ਦੀ ਸੂਚਨਾ** ਹਿੱਤ।

21/5/2025
ਡਾਇਰੈਕਟਰ ਸਪੋਰਟਸ